Punjab ICT Education Society

DEPARTMENT OF SCHOOL EDUCATION

ਸੈਸ਼ਨ 2020-21
ਸ਼ੀਟ ਨੰ: 19

# ਈ-ਸ਼ਬਦ



## ਅੱਜ ਦਾ ਸ਼ਬਦ "ਪੋਰਟੇਬਲ ਮੈਮਰੀ"

ਪੋਰਟੇਬਲ ਮੈਮਰੀਜ਼ ਉਹ ਮੈਮਰੀ ਉਪਕਰਣ ਹੁੰਦੇ ਹਨ ਜੋ ਆਸਾਨੀ ਨਾਲ ਇੱਕ ਥਾਂ ਤੋਂ ਦੂਜੀ ਥਾਂ ਤੇ ਲਿਜਾਏ ਜਾ ਸਕਦੇ ਹੋਣ। ਕੰਪਿਊਟਰ ਵਿੱਚ ਦੋ ਤਰ੍ਹਾਂ ਦੇ ਮੈਮਰੀ ਉਪਕਰਣ ਲਗਾਏ ਜਾਂਦੇ ਹਨ। ਇੱਕ ਉਹ ਜੋ ਕੰਪਿਊਟਰ ਵਿੱਚ ਸਥਾਈ ਤੋਰ ਤੇ ਲੱਗੇ ਰਹਿੰਦੇ ਹਨ ਅਤੇ ਉਸੇ ਕੰਪਿਊਟਰ ਤੱਕ ਹੀ ਸੀਮਿਤ ਹੁੰਦੇ ਹਨ। ਦੂਸਰੀ ਕਿਸਮ ਦੇ ਮੈਮਰੀ ਉਪਕਰਣ ਉਹ ਹੁੰਦੇ ਹਨ ਜਿਨ੍ਹਾਂ ਨੂੰ ਇੱਕ ਕੰਪਿਊਟਰ ਵਿੱਚ ਲਗਾ ਕੇ ਪ੍ਰਯੋਗ ਕਰਨ ਉਪਰੰਤ ਦੂਜੇ ਕੰਪਿਊਟਰ ਵਿੱਚ ਵਰਤਿਆ ਜਾ ਸਕਦਾ ਹੈ। ਇਸ ਕਿਸਮ ਦੇ ਉਪਕਰਣਾਂ ਨੂੰ ਹੀ ਪੋਰਟੇਬਲ ਮੈਮਰੀ ਕਿਹਾ ਜਾਂਦਾ ਹੈ।

ਪੋਰਟੇਬਲ ਮੈਮਰੀ ਬਹੁਤ ਹੀ ਜਿਆਦਾ ਪ੍ਰਯੋਗ ਕੀਤੀ ਜਾਣ ਵਾਲੀ ਮੈਮਰੀ ਹੁੰਦੀ ਹੈ ਕਿਉਂਕਿ ਇਸ ਦੀ ਮਦਦ ਨਾਲ ਅਸੀਂ ਬਹੁਤ ਹੀ ਆਸਾਨੀ ਨਾਲ ਡਾਟਾ ਇੱਕ ਕੰਪਿਊਟਰ ਤੋਂ ਦੂਜੇ ਕੰਪਿਊਟਰ ਤੱਕ ਲੈ ਕੇ ਜਾ ਸਕਦੇ ਹਾਂ। ਅੱਜ ਕੱਲ ਲਗਭਗ ਸਾਰੇ ਹੀ ਡਿਜ਼ਿਟਲ ਕੰਪਿਊਟਿੰਗ ਉਪਕਰਣ ਜਿਵੇਂ ਲੈਪਟਾਪ, ਸਮਾਰਟ ਫੋਨ, ਟੈਬਲੇਟ ਕੰਪਿਊਟਰ ਜਾਂ ਮਨੋਰੰਜਨ ਦੇ ਖੇਤਰ ਵਿੱਚ ਵਰਤੇ ਜਾਣ ਵਾਲੇ ਵੱਖ ਵੱਖ ਉਪਕਰਣਾਂ ਵਿੱਚ ਇਹ ਪੋਰਟੇਬਲ ਮੈਮਰੀ ਯੰਤਰ ਸਿੱਧੇ ਹੀ ਅਟੈਚ ਕੀਤੇ ਜਾ ਸਕਦੇ ਹਨ। ਇਹਨਾਂ ਦੀਆਂ ਉਦਾਹਰਣਾਂ ਪੈੱਨ ਡਰਾਇਵ (Pen Drive), ਸੀ.ਡੀ./ਡੀ.ਵੀ.ਡੀ. (CD/DVD), ਮੈਮਰੀ ਕਾਰਡ (Memory Card), ਪੋਰਟੇਬਲ ਹਾਰਡ ਡਿਸਕ ਆਦਿ ਹੋ ਸਕਦੀਆਂ ਹਨ।

## Word of the Day is "**Portable Memory**"

Portable Memories are those memories devices which can be easily carried from one place to another. Two types of memories are used in computers. First type of memories remains fixed in a computer and limited to be used within a computer only. Second type of memory devices are those which are able to be carried from one computer to another after using it. This type of memory is known as Portable Memory.

Portable memory is widely being used because we can move data from computer to another with the help of these memories. Now a days, almost all the digital computing devices like laptops, smart phones, tablet computers or devices being used in entertainment field are having option for direct attachment of portable memories. The examples of these memories are Pen Drive, CD/DVD, Memory Card, Portable Hard Disk etc.

**ਰੋਚਕ ਤੱਥ:-**

**ਸਭ ਤੋਂ ਵੱਧ ਮੈਮਰੀ ਸਮਰੱਥਾ ਵਾਲਾ ਮੈਮਰੀ ਕਾਰਡ 400 ਗੀਗਾਬਾਇਟ ਮੈਮਰੀ ਸਟੋਰ ਕਰ ਸਕਦਾ ਹੈ ਜੋ ਕਿ ਤੁਹਾਡੇ ਅੰਗੂਠੇ ਦੇ ਨਾਖੁਨ ਤੋਂ ਵੀ ਛੋਟਾ ਹੁੰਦਾ ਹੈ।**

**Interesting Facts:-**

Largest storage capacity of a Memory card is 400GB which is smaller in size then of the nail of your thumb.

**ਪੰਜਾਬ ਆਈ. ਸੀ. ਟੀ. ਐਜੂਕੇਸ਼ਨ ਸੋਸਾਇਟੀ**

**D.M.: Mohd. Aarif (Sangrur)** **Sukhwinder Singh (GSSS(G), Sunam Udham Singh Wala)**